# ਐਚ ਪੀ ਵੀ ਦਾ ਟੈਸਟ ਕਰਵਾਉਣਾ

## ਔਰਤਾਂ ਲਈ ਜਾਣਕਾਰੀ

### ਐਚ ਪੀ ਵੀ ਕੀ ਹੈ?

ਐਚ ਪੀ ਵੀ ਦਾ ਪੂਰਾ ਨਾਂ ਹਿਊਮਨ ਪੈਪੀਲੋਮਾ ਵਾਇਰਸ ਹੈ।

ਐਚ ਪੀ ਵੀ ਬਹੁਤ ਆਮ ਲਗ ਜਾਣ ਵਾਲੀ ਇਨਫ਼ੈਕਸ਼ਨ ਹੈ। ਬਹੁਤ ਸਾਰੀਆਂ ਔਰਤਾਂ ਨੂੰ ਇਹ ਜ਼ਿੰਦਗੀ ਵਿਚ ਕਦੇ ਨਾ ਕਦੇ ਹੋ ਜਾਂਦੀ ਹੈ। ਜ਼ਿਆਦਾਤਰ ਹਾਲਤਾਂ ਵਿਚ ਇਹਦਾ ਇਲਾਜ ਕਰਵਾਉਣ ਦੀ ਲੋੜ ਨਹੀਂ ਪੈਂਦੀ, ਅਤੇ ਸਰੀਰ ਆਪਣੇ ਆਪ ਹੀ ਇਹਨੂੰ ਬਾਹਰ ਕੱਢ ਦਿੰਦਾ ਹੈ।

ਐਚ ਪੀ ਵੀ ਦੀਆਂ ਬਹੁਤ ਕਿਸਮਾਂ ਹਨ ਜਿਹਨਾਂ ਵਿਚੋਂ ਜ਼ਿਆਦਾਤਰ ਕੋਈ ਨੁਕਸਾਨ ਨਹੀਂ ਕਰਦੀਆਂ। ਪਰ ਕਈਆਂ ਨਾਲ ਸਰਵੀਕਲ (ਬੱਚੇਦਾਨੀ ਦੇ ਮੂੰਹ ਵਿਚ) ਖ਼ਰਾਬੀ ਪੈਦਾ ਹੋ ਜਾਂਦੀ ਹੈ। ਇਹਨਾਂ ਕਿਸਮਾਂ ਨੂੰ 'ਬਹੁਤ ਖ਼ਤਰਨਾਕ' ਐਚ ਪੀ ਵੀ ਕਿਸਮਾਂ ਆਖਿਆ ਜਾਂਦਾ ਹੈ। ਜੇ ਇਹ ਕਾਇਮ ਰਹਿਣ ਤਾਂ ਇਹਨਾਂ ਤੋਂ ਸਰਵੀਕਲ ਕੈਂਸਰ ਬਣ ਸਕਦਾ ਹੈ। ਪਰ ਸਰਵੀਕਲ ਖ਼ਰਾਬੀਆਂ ਵੀ ਅਕਸਰ ਵਾਇਰਸ ਦੇ ਨਿਕਲ ਜਾਣ ਮਗਰੋਂ ਆਪਣੇ ਆਪ ਠੀਕ ਹੋ ਜਾਂਦੀਆਂ ਹਨ। ਕੁਝ ਔਰਤਾਂ ਵਿਚ ਇਹ ਵਾਇਰਸ ਕਾਇਮ ਰਹਿੰਦਾ ਹੈ ਅਤੇ ਇਹਨਾਂ ਔਰਤਾਂ ਨੂੰ ਸਰਵੀਕਲ ਖ਼ਰਾਬੀਆਂ (ਸੀ ਆਈ ਐਨ) ਹੋਣ ਦਾ ਖ਼ਤਰਾ ਵੱਧ ਹੁੰਦਾ ਹੈ, ਜਿਹਦਾ ਇਲਾਜ ਕਰਨ ਦੀ ਲੋੜ ਪੈ ਸਕਦੀ ਹੈ।

### ਲੋਕਾਂ ਵਿਚ ਐਚ ਪੀ ਵੀ ਕਿਵੇਂ ਆਉਂਦਾ ਹੈ?

ਜਿਹੜੇ ਲੋਕ ਅਕਸਰ ਸੰਭੋਗ ਕਰਦੇ ਰਹੇ ਹਨ, ਉਹਨਾਂ ਨੂੰ ਐਚ ਪੀ ਵੀ ਇਨਫ਼ੈਕਸ਼ਨ ਹੋ ਜਾਣਾ ਬਹੁਤ ਆਮ ਗੱਲ ਹੈ। ਮਰਦਾਂ ਅਤੇ ਔਰਤਾਂ ਵਿਚਕਾਰ ਸੰਭੋਗ ਹੋਣ ਨਾਲ ਜਾਂ ਸਮਲਿੰਗੀ ਸੰਭੋਗ ਹੋਣ ਨਾਲ ਵੀ ਐਚ ਪੀ ਵੀ ਬੜੀ ਸੌਖੀ ਤਰ੍ਹਾਂ ਇਕ ਵਿਅਕਤੀ ਤੋਂ ਦੂਸਰੇ/ਦੂਸਰੀ ਤਕ ਚਲਿਆ ਜਾਂਦਾ ਹੈ। ਕਿਉਂਕਿ ਇਸ ਵਾਇਰਸ ਦੀਆਂ ਕੋਈ ਨਿਸ਼ਾਨੀਆਂ ਦਿਖਾਈ ਨਹੀਂ ਦਿੰਦੀਆਂ, ਇਸ ਕਰਕੇ ਹੋ ਸਕਦਾ ਹੈ ਕਿ:

ਕਿਸੇ ਨੂੰ ਇਹ ਇਨਫ਼ੈਕਸ਼ਨ ਕਈ ਸਾਲਾਂ ਤੋਂ ਰਹੀ ਹੋਵੇ ਅਤੇ ਉਹਨੂੰ ਇਹਦੇ ਬਾਰੇ ਪਤਾ ਹੀ ਨਾ ਹੋਵੇ।

ਕਿਸੇ ਸਾਥੀ ਜਾਂ ਸਾਥਣ ਨੂੰ ਕਈ ਸਾਲ ਪਹਿਲਾਂ ਇਨਫ਼ੈਕਸ਼ਨ ਹੋਈ ਹੋਵੇ ਅਤੇ ਉਹਨੂੰ ਵੀ ਇਹਦੇ ਬਾਰੇ ਪਤਾ ਹੀ ਨਾ ਹੋਵੇ।

### ਮੇਰਾ ਐਚ ਪੀ ਵੀ ਕਿਉਂ ਕੀਤਾ ਜਾਣਾ ਚਾਹੀਦਾ ਹੈ?

#### ਬਾਰਡਰਲਾਈਨ ਜਾਂ ਮਾਈਲਡ (ਹਲਕੇ) ਡਿਸਕੈਰੀਓਸਿਸ ਵਾਲੀਆਂ ਔਰਤਾਂ ਦਾ ਐਚ ਪੀ ਵੀ ਟੈਸਟ

ਜਿਹਨਾਂ ਔਰਤਾਂ ਦੇ ਸਕ੍ਰੀਨਿੰਗ ਟੈਸਟਾਂ ਤੋਂ ਹਲਕੀਆਂ ਖ਼ਰਾਬੀਆਂ ਦਾ ਪਤਾ ਲੱਗੇ ਉਹਨਾਂ ਨੂੰ ਬਾਰਡਰਲਾਈਨ ਜਾਂ ਮਾਈਲਡ (ਹਲਕੇ) ਡਿਸਕੈਰੀਓਸਿਸ ਵਾਲੀਆਂ ਔਰਤਾਂ ਆਖਿਆ ਜਾਂਦਾ ਹੈ। ਉਹਨਾਂ ਦੇ ਸਰੀਰ ਵਿਚੋਂ ਨਮੂਨੇ ਲੈ ਕੇ ਐਚ ਪੀ ਵੀ ਟੈਸਟ ਕੀਤੇ ਜਾਂਦੇ ਹਨ।

ਬਾਰਡਰਲਾਈਨ ਜਾਂ ਮਾਈਲਡ (ਹਲਕੇ) ਡਿਸਕੈਰੀਓਸਿਸ ਵਾਲੀਆਂ ਔਰਤਾਂ ਵਿਚੋਂ ਸਿਰਫ਼ 15-20% ਵਿਚ ਹੀ ਅਜਿਹੀ ਕੋਈ ਖ਼ਰਾਬੀ ਹੋਣ ਦੀ ਸੰਭਾਵਨਾ ਹੁੰਦੀ ਹੈ ਜਿਹਦਾ ਇਲਾਜ ਕਰਨ ਦੀ ਲੋੜ ਪੈਂਦੀ ਹੈ। ਐਚ ਪੀ ਵੀ ਟੈਸਟ ਕਰਵਾਉਣਾ ਜ਼ਰੂਰੀ ਹੈ ਕਿਉਂਕਿ ਇਹਦੇ ਨਾਲ ਚੰਗੀ ਤਰ੍ਹਾਂ ਪਤਾ ਲਗ ਜਾਂਦਾ ਹੈ ਕਿ ਕਿਹੜੀਆਂ ਔਰਤਾਂ ਨੂੰ ਇਲਾਜ ਕਰਵਾਉਣ ਦੀ ਲੋੜ ਹੋ ਸਕਦੀ ਹੈ।

ਜੇ ਐਚ ਪੀ ਵੀ ਦੇ ਹੋਣ ਬਾਰੇ ਪਤਾ ਲੱਗੇ, ਤਾਂ ਉਸ ਔਰਤ ਨੂੰ ਕੋਲਪੋਸਕੋਪੀ ਟੈਸਟ ਕਰਵਾਉਣ ਲਈ ਬੁਲਾਇਆ ਜਾਏਗਾ। ਕੋਲਪੋਸਕੋਪੀ ਨਾਲ ਸਰਵਿਕਸ (ਬੱਚੇਦਾਨੀ ਦੇ ਮੂੰਹ) ਦਾ ਚੰਗੀ ਤਰ੍ਹਾਂ ਮੁਆਇਨਾ ਕਰਕੇ ਪਤਾ ਕੀਤਾ ਜਾਂਦਾ ਹੈ ਕਿ ਕੀ ਇਲਾਜ ਕਰਨ ਦੀ ਲੋੜ ਹੈ? ਜੇ ਇਲਾਜ ਦੀ ਲੋੜ ਹੋਵੇ, ਤਾਂ ਉਸ ਔਰਤ ਦਾ ਇਲਾਜ ਆਮ ਤੌਰ 'ਤੇ ਬਾਹਰਲੀ ਮਰੀਜ਼ ਦੇ ਤੌਰ 'ਤੇ ਹੋਏਗਾ, ਜਿਹਦਾ ਅਰਥ ਹੈ ਕਿ ਉਹਨੂੰ ਹਸਪਤਾਲ ਵਿਚ ਰਾਤ ਨਹੀਂ ਰਹਿਣਾ ਪਏਗਾ।

#### ਜਿਹਨਾਂ ਔਰਤਾਂ ਦਾ ਸਰਵੀਕਲ ਖ਼ਰਾਬੀਆਂ ਦਾ ਇਲਾਜ (ਸੀ ਆਈ ਐਨ) ਹੋਇਆ ਹੈ, ਉਹਨਾਂ ਦੇ ਐਚ ਪੀ ਵੀ ਟੈਸਟ

ਜਿਹਨਾਂ ਔਰਤਾਂ ਦਾ ਸਰਵੀਕਲ ਖ਼ਰਾਬੀਆਂ ਦਾ ਇਲਾਜ (ਸੀ ਆਈ ਐਨ) ਹੋਇਆ ਹੈ, ਉਹਨਾਂ ਦੇ ਸਰੀਰ ਵਿਚੋਂ ਸੈੱਲਾਂ ਦੇ ਨਮੂਨੇ ਲੈ ਕੇ ਐਚ ਪੀ ਵੀ ਟੈਸਟ ਕੀਤੇ ਜਾਣਗੇ। ਜੇ ਐਚ ਪੀ ਵੀ ਨਾ ਦਿਸੇ, ਤਾਂ ਇਹਨਾਂ ਔਰਤਾਂ ਨੂੰ ਅਗਲੇ ਤਿੰਨ ਸਾਲਾਂ ਤਕ ਹੋਰ ਟੈਸਟ ਕਰਾਵਉਣ ਲਈ ਆਉਣ ਦੀ ਲੋੜ ਨਹੀਂ ਪੈਂਦੀ।

ਜੇ ਐਚ ਪੀ ਵੀ ਦਿਸੇ ਜਾਂ ਸਕ੍ਰੀਨਿੰਗ ਟੈਸਟ ਵਿਚ ਕੋਈ ਖ਼ਰਾਬੀ ਦਿਸੇ, ਤਾਂ ਇਹਨਾਂ ਔਰਤਾਂ ਨੂੰ ਦੁਬਾਰਾ ਕੋਲਪੋਸਕੋਪੀ ਕਰਵਾਉਣ ਲਈ ਬੁਲਾਇਆ ਜਾਏਗਾ ਅਤੇ ਇਹਤੋਂ ਬਾਅਦ ਆਮ ਢੰਗ ਨਾਲ ਇਹਨਾਂ ਦਾ ਧਿਆਨ ਰੱਖਿਆ ਜਾਏਗਾ।

### ਐਚ ਪੀ ਵੀ ਟੈਸਟ ਕਿਵੇਂ ਕੀਤਾ ਜਾਂਦਾ ਹੈ?

ਇਹ ਟੈਸਟ ਸਕ੍ਰੀਨਿੰਗ ਟੈਸਟ ਵੇਲੇ ਲਏ ਗਏ ਸੈੱਲਾਂ ਦੇ ਨਮੂਨਿਆਂ ਤੋਂ ਕੀਤਾ ਜਾਂਦਾ ਹੈ। ਇਸ ਕਰਕੇ ਉਸ ਔਰਤ ਨੂੰ ਦੁਬਾਰਾ ਟੈਸਟ ਲਈ ਆਉਣ ਦੀ ਲੋੜ ਨਹੀਂ ਪੈਂਦੀ। ਨਮੂਨਿਆਂ ਦੇ ਟੈਸਟ ਲੈਬਾਰੇਟਰੀ ਵਿਚ ਕੀਤੇ ਜਾਂਦੇ ਹਨ ਅਤੇ ਲਿਖਤੀ ਨਤੀਜੇ ਉਸ ਔਰਤ ਨੂੰ ਭੇਜੇ ਜਾਂਦੇ ਹਨ।

### ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਐਚ ਪੀ ਵੀ ਦੇ ਟੈਸਟ ਬਾਰੇ ਜਾਂ ਇਸ ਪਰਚੇ ਵਿਚ ਦੱਸੀ ਗਈ ਕਿਸੇ ਹੋਰ ਗੱਲ ਬਾਰੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ, ਤਾਂ ਤੁਸੀਂ ਆਪਣੀ ਪ੍ਰੈਕਟਿਸ ਨਰਸ ਨਾਲ ਗੱਲ ਕਰ ਸਕਦੇ ਹੋ, ਜਾਂ ਤੁਸੀਂ ਐਨ ਐਚ ਐੱਸ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਦੀ ਇਹ ਵੈੱਬਸਾਈਟ ਪੜ੍ਹ ਸਕਦੇ ਹੋ - **www.cancerscreening.nhs.uk**